NSW Police Force

# Knife Crime Factsheet

## ਸਾਡੇ ਭਾਈਚਾਰੇ ਵਿੱਚ ਚਾਕੂ ਦੀ ਵਰਤੋਂ ਨਾਲ ਜੁੜੇ ਅਪਰਾਧਾਂ ਨੂੰ ਕਾਬੂ ਵਿੱਚ ਰੱਖਣ ਲਈ ਨਵੇਂ ਕਾਨੂੰਨ ਲਾਗੂ ਕੀਤੇ ਜਾ ਰਹੇ ਹਨ।

### ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਨਿਊ ਸਾਊਥ ਵੇਲਜ਼ ਸਰਕਾਰ ਚਾਕੂ ਦੀ ਵਰਤੋਂ ਨਾਲ ਜੁੜੇ ਅਪਰਾਧ (ਚਾਕੂ ਅਪਰਾਧ) ਦੇ ਮੁੱਦੇ ਦਾ ਹੱਲ ਕੱਢਣ ਲਈ ਕਈ ਨਵੇਂ ਉਪਾਅ ਪੇਸ਼ ਕਰ ਰਹੀ ਹੈ।

ਹਾਲ ਹੀ ਵਿੱਚ ਅਸੀਂ ਮੌਤਾਂ ਸਮੇਤ, ਚਾਕੂ ਨਾਲ ਕੀਤੀਆਂ ਹਿੰਸਕ ਵਾਰਦਾਤਾਂ ਦੇ ਵਿਨਾਸ਼ਕਾਰੀ ਪ੍ਰਭਾਵ ਦੇਖੇ ਹਨ। ਇਹ ਅਪਰਾਧ ਭਾਈਚਾਰਿਆਂ 'ਤੇ ਲੰਬੇ ਸਮੇਂ ਤੱਕ ਪ੍ਰਭਾਵ ਪਾ ਸਕਦੇ ਹਨ। ਚਾਕੂ ਨੂੰ ਆਪਣੇ ਨਾਲ ਰੱਖਣ ਜਾਂ ਵਰਤਣ ਵਾਲੇ ਲੋਕਾਂ ਲਈ, ਉਨ੍ਹਾਂ ਦੇ ਫੈਸਲੇ ਉਨ੍ਹਾਂ ਦੀ ਜ਼ਿੰਦਗੀ ਨੂੰ ਹਮੇਸ਼ਾ ਲਈ ਬਦਲ ਸਕਦੇ ਹਨ।

*ਚਾਕੂ ਜਾਂਚ ਸੰਬੰਧੀ ਕਾਨੂੰਨਾਂ*[1] ਦਾ ਮੰਤਵ ਹੈ ਸਾਡੇ ਸਮਾਜ ਦੀ ਸੁਰੱਖਿਆ ਵਿੱਚ ਇਜ਼ਾਫ਼ਾ ਲਿਆਉਂਦੇ ਹੋਏ, ਚਾਕੂ ਰੱਖੇ ਜਾਣ ਉੱਤੇ ਕਾਬੂ ਪਾਉਣਾ ਅਤੇ ਚਾਕੂ ਨਾਲ ਸਬੰਧਿਤ ਅਪਰਾਧਾਂ ਨੂੰ ਘਟਾਉਣਾ।

### ਨਵੇਂ ਕਦਮ ਕੀ ਹਨ?

ਚਾਕੂ ਜਾਂਚ ਸੰਬੰਧੀ ਕਾਨੂੰਨ ਇਸ ਤਰੀਕੇ ਨਾਲ ਬਣਾਏ ਗਏ ਹਨ ਕਿ ਚਾਕੂ-ਸੰਬੰਧੀ ਹੋ ਰਹੀ ਹਿੰਸਾ ਅਤੇ ਘਟਨਾਵਾਂ ਨੂੰ ਰੋਕਿਆ ਜਾ ਸਕੇ ਅਤੇ ਉਨ੍ਹਾਂ ਦੀ ਰੋਕਥਾਮ ਕੀਤੀ ਜਾ ਸਕੇ ਅਤੇ ਚਾਕੂ ਅਪਰਾਧ ਦੀਆਂ ਘਟਨਾਵਾਂ ਘਟਾਈਆਂ ਜਾ ਸਕਣ। ਇਸ ਨੂੰ ਸਮੁੱਚੀ ਸੁਰੱਖਿਆ ਵਿੱਚ ਸੁਧਾਰ ਲਿਆਉਣ ਅਤੇ ਭਾਈਚਾਰੇ ਅੰਦਰ ਭਰੋਸਾ ਪੈਦਾ ਕਰਨ ਲਈ ਤਿਆਰ ਕੀਤਾ ਗਿਆ ਹੈ।

ਨਵੇਂ ਕਾਨੂੰਨਾਂ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਚਾਕੂ ਵੇਚਣ 'ਤੇ ਕੀਤੇ ਜਾਣ ਵਾਲੇ ਜੁਰਮਾਨੇ ਵਿੱਚ ਕੀਤਾ ਗਿਆ ਵਾਧਾ ਸ਼ਾਮਲ ਹੈ। ਇਹ ਕਿਸੇ ਵਿਅਕਤੀ ਲਈ ਇਸ ਚੀਜ਼ ਨੂੰ ਵੀ ਅਪਰਾਧ ਬਣਾ ਦਿੰਦਾ ਹੈ ਜੇਕਰ ਉਹ, ਬਿਨਾਂ ਕਿਸੇ ਵਾਜਬ ਕਾਰਣ ਦੇ, 16 ਜਾਂ 17 ਸਾਲ ਦੀ ਉਮਰ ਦੇ ਕਿਸੇ ਬੱਚੇ ਨੂੰ ਚਾਕੂ ਵੇਚਦਾ ਹੈ।

ਕੁਝ ਸਥਿਤੀਆਂ ਵਿੱਚ, ਇਹ ਪੁਲਿਸ ਨੂੰ ਇਜਾਜ਼ਤ ਦਿੰਦਾ ਹੈ ਕਿ ਚਾਕੂਆਂ ਅਤੇ ਹੋਰ ਹਥਿਆਰਾਂ ਦੀ ਮੌਜੂਦਗੀ ਦੀ ਜਾਂਚ ਵਾਸਤੇ, ਹੱਥੀਂ ਫੜੇ ਸਕੈਨਰਾਂ ਦੀ ਵਰਤੋਂ ਨਾਲ ਤਲਾਸ਼ੀ ਲੈ ਸਕਣ।

### ਨਵੀਆਂ ਸ਼ਕਤੀਆਂ ਕਿਵੇਂ ਕੰਮ ਕਰਨਗੀਆਂ?

ਚਾਕੂ ਜਾਂਚ ਸੰਬੰਧੀ ਕਾਨੂੰਨ ਪੁਲਿਸ ਨੂੰ ਇਹ ਅਧਿਕਾਰ ਦਿੰਦੇ ਹਨ ਕਿ ਕਿਸੇ ਨਾਮਜ਼ਦ ਕੀਤੇ ਗਏ ਖੇਤਰ ਅੰਦਰ, ਬਿਨਾਂ ਵਾਰੰਟ ਦੇ ਕਿਸੇ ਵੀ ਵਿਅਕਤੀ ਨੂੰ ਰੋਕਣ ਅਤੇ ਮੰਗ ਕਰਨ ਕਿ ਉਹ ਪੁਲਿਸ ਨੂੰ, ਹੱਥੀਂ ਫੜੇ ਇੱਕ ਸਕੈਨਰ ਦੀ ਵਰਤੋਂ ਰਾਹੀਂ ਚਾਕੂਆਂ ਅਤੇ ਹੋਰ ਹਥਿਆਰਾਂ ਦੇ ਸਬੰਧ ਵਿੱਚ ਉਸਦੀ ਤਲਾਸ਼ੀ ਲੈਣ ਦਵੇ। (ਇਹ ਨਾਮਜ਼ਦ ਕੀਤੇ ਗਏ ਖੇਤਰਾਂ ਵਿੱਚ ਲਾਗੂ ਹੋ ਸਕਦਾ ਹੈ)।

ਕੋਈ ਸੀਨੀਅਰ ਪੁਲਿਸ ਅਧਿਕਾਰੀ ਕਿਸੇ ਸਥਾਨ ਨੂੰ ਇੱਕ ਨਾਮਜ਼ਦ ਕੀਤਾ ਗਿਆ ਖੇਤਰ ਤਾਂ ਹੀ ਘੋਸ਼ਿਤ ਕਰ ਸਕਦਾ ਹੈ ਜੇਕਰ ਪਿਛਲੇ 12 ਮਹੀਨਿਆਂ ਵਿੱਚ ਉਸ ਸਥਾਨ 'ਤੇ ਕੁਝ ਖਾਸ ਕਿਸਮ ਦੇ ਅਪਰਾਧ ਹੋਏ ਹਨ।

ਸੀਨੀਅਰ ਅਧਿਕਾਰੀ ਨੂੰ ਇਹ ਵੀ ਵਿਚਾਰ ਕਰਨਾ ਚਾਹੀਦਾ ਹੈ ਕਿ ਹੱਥੀਂ ਫੜੇ ਸਕੈਨਰ ਦੀ ਵਰਤੋਂ, ਚਾਕੂ ਅਪਰਾਧ ਦਾ ਪਤਾ ਲਗਾਉਣ ਜਾਂ ਉਸ ਨੂੰ ਰੋਕਣ ਵਿੱਚ ਪ੍ਰਭਾਵਸ਼ਾਲੀ ਹੋ ਸਕਦੀ ਹੈ।

ਉਨ੍ਹਾਂ ਨੂੰ ਕਾਨੂੰਨੀ ਗਤੀਵਿਧੀਆਂ 'ਤੇ ਪੈਣ ਵਾਲੇ ਪ੍ਰਭਾਵ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ, ਕੀ ਉਸ ਸਥਾਨ ਨੂੰ ਪਹਿਲਾਂ ਕਦੀ ਘੋਸ਼ਿਤ ਕੀਤਾ ਗਿਆ ਸੀ, ਅਤੇ ਕੀ ਉਸ ਘੋਸ਼ਣਾ ਦੌਰਾਨ ਚਾਕੂ ਜਾਂ ਕੋਈ ਹਥਿਆਰ ਬਰਾਮਦ ਹੋਏ ਸਨ।

### ਕਿਸ ਕਿਸਮ ਦੇ ਸਥਾਨਾਂ ਦਾ ਐਲਾਨ ਕੀਤਾ ਜਾ ਸਕਦਾ ਹੈ?

ਹੇਠ ਲਿਖੇ ਸਥਾਨਾਂ ਨੂੰ ਨਾਮਜ਼ਦ ਖੇਤਰਾਂ ਵਜੋਂ ਘੋਸ਼ਿਤ ਕੀਤਾ ਜਾ ਸਕਦਾ ਹੈ:

- ਪਬਲਿਕ ਟਰਾਂਸਪੋਰਟ (ਜਨਤਕ ਆਵਾਜਾਈ) ਸਟੇਸ਼ਨ ਜਿਵੇਂ ਕਿ ਰੇਲ ਸਟੇਸ਼ਨ, ਬੱਸ ਸਟਾਪ ਅਤੇ ਟਰਾਂਸਪੋਰਟ ਇੰਟਰਚੇਂਜ (ਜਿੱਥੇ ਇੱਕ ਤੋਂ ਦੂਸਰੀ ਕਿਸਮ ਦੀ ਆਵਾਜਾਈ ਦੀ ਅਦਲਾ-ਬਦਲੀ ਹੁੰਦੀ ਹੈ);
- ਬੱਸਾਂ, ਲਾਈਟ-ਰੇਲ ਗੱਡੀਆਂ, ਕਿਸ਼ਤੀਆਂ ਅਤੇ ਰੇਲ ਗੱਡੀਆਂ ਸਮੇਤ ਜਨਤਕ ਆਵਾਜਾਈ ਵਾਲੇ ਵਾਹਨ;
- ਖਰੀਦਦਾਰੀ ਕੇਂਦਰ;
- ਖੇਡਾਂ ਦੇ ਸਥਾਨ; ਅਤੇ
- ਨਿਯਮਾਂ ਅੰਦਰ ਨਿਰਧਾਰਿਤ ਕੀਤੇ ਗਏ ਜਨਤਕ ਸਥਾਨ, ਜਿਨ੍ਹਾਂ ਵਿੱਚ ਰਾਤ ਦੇ ਸਮੇਂ ਦੇ ਸਮਾਗਮ ਜਾਂ ਫਿਰ ਰਾਤ ਦੇ ਸਮੇਂ ਦੀ ਆਰਥਿਕ ਗਤੀਵਿਧੀਆਂ ਨੂੰ ਵਧਾਵਾ ਦੇਣ ਵਾਲੇ ਵਿਸ਼ੇਸ਼ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ।

### ਕੀ ਸੁਰੱਖਿਆ ਉਪਾਅ ਕੀਤੇ ਗਏ ਹਨ?

ਸੁਰੱਖਿਆ ਉਪਾਅ ਉਦੋਂ ਲਾਗੂ ਹੁੰਦੇ ਹਨ ਜਦੋਂ ਕੋਈ ਪੁਲਿਸ ਅਧਿਕਾਰੀ ਕਿਸੇ ਵਿਅਕਤੀ ਨੂੰ ਹੱਥੀਂ-ਫੜੇ ਸਕੈਨਰ ਰਾਹੀਂ ਜਾਂਚ ਕਰਵਾਉਣ ਜਾਂ ਮੁੜ-ਜਾਂਚ ਕਰਵਾਉਣ ਦੀ ਮੰਗ ਕਰਦਾ ਹੈ। ਉਦਾਹਰਨ ਲਈ, ਪੁਲਿਸ ਇਸ ਕਾਨੂੰਨ ਦੇ ਤਹਿਤ ਕਿਸੇ ਸ਼ਕਤੀ ਦੀ ਵਰਤੋਂ ਕਰਦੇ ਸਮੇਂ ਆਪਣੇ ਸਰੀਰ ਉੱਤੇ ਬਨ੍ਹੇ ਹੋਏ ਵੀਡੀਓ ਕੈਮਰੇ (body worn video) ਦੀ ਵਰਤੋਂ ਕਰੇਗੀ, ਹਾਲਾਤਾਂ 'ਤੇ ਨਿਰਭਰ ਕਰਦੇ ਹੋਏ, ਪੁਲਿਸ ਨੂੰ ਚਾਹੀਦਾ ਹੈ ਕਿ ਇਸ ਸ਼ਕਤੀ ਦੀ ਵਰਤੋਂ ਇਸ ਢੰਗ ਨਾਲ ਕਰੇ ਕਿ ਜਾਂਚ ਘੱਟ ਤੋਂ ਘੱਟ ਕੱਪੜੇ ਵਗੈਰਾ ਉਤਰਵਾਏ ਬਿਨਾਂ ਕੀਤੀ ਜਾਵੇ ਅਤੇ ਪੁਲਿਸ ਕਿਸੇ ਵਿਅਕਤੀ ਨੂੰ ਉਦੋਂ ਤੱਕ ਹੀ ਹਿਰਾਸਤ ਵਿੱਚ ਲਵੇ ਜਦੋਂ ਤੱਕ ਉਚਿਤ ਤੌਰ 'ਤੇ ਜ਼ਰੂਰੀ ਹੋਵੇ।

### ਜੁਰਮਾਨੇ ਕੀ ਹਨ?

ਇਸ ਕਾਨੂੰਨ ਦੇ ਤਹਿਤ, ਪੁਲਿਸ ਅਧਿਕਾਰੀ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਨਾ ਕਰਨਾ ਜਾਂ ਕਰਨ ਵਿੱਚ ਅਸਫਲ ਰਹਿਣਾ ਇੱਕ ਜੁਰਮ ਹੈ।

ਬਿਨਾਂ ਕਿਸੇ ਵਾਜਬ ਕਾਰਣ ਦੇ, ਪਾਲਣਾ ਨਾ ਕਰਨ 'ਤੇ $5,500 ਤੱਕ ਦੇ ਜੁਰਮਾਨੇ ਲਾਗੂ ਹੋ ਸਕਦੇ ਹਨ।

ਜੇਕਰ ਜਨਤਕ ਸਥਾਨ 'ਤੇ ਆਪਣੇ ਕੋਲ ਕੋਈ ਚਾਕੂ ਰੱਖਣ ਦਾ ਤੁਹਾਡੇ ਕੋਲ ਕੋਈ ਉਚਿਤ ਕਾਰਣ ਨਹੀਂ ਹੈ ਤਾਂ ਇਸ ਨੂੰ ਆਪਣੇ ਕੋਲ ਰੱਖਣਾ ਇੱਕ ਅਪਰਾਧ ਹੈ।

ਬਿਨਾਂ ਕਿਸੇ ਵਾਜਬ ਕਾਰਣ ਦੇ ਆਪਣੇ ਕੋਲ ਚਾਕੂ ਰੱਖਣ ਲਈ $11,000 ਤੱਕ ਦਾ ਜੁਰਮਾਨਾ ਜਾਂ 4 ਸਾਲ ਤੱਕ ਦੀ ਕੈਦ ਦੀ ਸਜ਼ਾ ਲਾਗੂ ਹੋ ਸਕਦੀ ਹੈ।

### ਨਵੇਂ ਕਾਨੂੰਨ ਕਦੋਂ ਲਾਗੂ ਹੋਣਗੇ?

ਨਵੇਂ ਕਾਨੂੰਨ 9 ਦਸੰਬਰ 2024 ਤੋਂ ਸ਼ੁਰੂ ਹੋਣਗੇ।

### ਵਧੇਰੀ ਜਾਣਕਾਰੀ

ਕਿਸੇ ਵੀ ਮੌਜੂਦਾ ਘੋਸ਼ਣਾਵਾਂ ਸਮੇਤ, ਹੋਰ ਜਾਣਕਾਰੀ ਲਈ, ਨਿਊ ਸਾਊਥ ਵੇਲਜ਼ ਪੁਲਿਸ ਫੋਰਸ ਦੀ ਵੈੱਬਸਾਈਟ ਦੇਖੋ ਜਾਂ QR ਕੋਡ ਨੂੰ ਸਕੈਨ ਕਰੋ।

[1] *Law Enforcement (Powers and Responsibilities) and Other Legislation Amendment (Knife Crime) Act 2024* (ਕਾਨੂੰਨ ਲਾਗੂ ਕਰਨ (ਸ਼ਕਤੀਆਂ ਅਤੇ ਜ਼ਿੰਮੇਵਾਰੀਆਂ) ਅਤੇ ਹੋਰ ਕਾਨੂੰਨ ਸੋਧ (ਚਾਕੂ ਅਪਰਾਧ) ਕਾਨੂੰਨ 2024)

ਦੁਭਾਸ਼ੀਆ ਸੇਵਾਵਾਂ ਉਪਲਬਧ ਹਨ (ਜੇ ਲੋੜ ਹੋਵੇ)

NSW GOVERNMENT